# ਅਸੀ ਯੀਸ਼ੂ ਦੀ ਆਗਿਆ ਦਾ ਪਾਲਣ ਕਰਦੇ ਹਾਂ।

### ਬੱਚਿਆਂ ਨੂੰ ਯੀਸ਼ੂ ਦੇ ਆਗਿਆਕਾਰੀ ਚੇਲੇ ਬਣਨਾ ਸਿਖਾਓ।

**ਪ੍ਰਾਥਨਾ,** ''ਹੇ, ਪਿਤਾ ਜੋ ਤੂੰ ਸੁਰਗ ਵਿੱਚ, ਹੈ, ਬੇਨਤੀ ਕਰਕੇ, ਇਸ ਪੜਾਈ ਨੂੰ ਬੱਚਿਆਂ ਦੀ ਸਹਾਇਤਾ ਵਿੱਚ ਕਿ, ਉਹ ਯੀਸ਼ੂ ਨੂੰ ਪਿਆਰ ਕਰਨ ਅਤੇ ਉਹਦੇ ਹੁੱਕਮਾ ਨੂੰ ਮੰਨਨ ਵਿੱਚ ਵਿਸ਼ਵਾਸ ਕਰਨ, ਯੀਸ਼ੂ ਦੇ ਨਾ ਵਿੱਚ, ''ਆਮੀਨ।''

ਇਹੋ ਜਿਹੀਆਂ ਚੀਜਾਂ ਚੁਣੋ, ਜਿਹੜੀ ਬੱਚਿਆਂ ਦੀ ਉਮਰ ਅਤੇ ਜਰੂਰਤ ਵਿੱਚ ਸਿਖਣ ਵਾਸਤੇ ਠੀਕ ਲਗਦੀਆਂ ਹਨ।

ਹੁਣ ਇੱਕ ਵੱਡਾ ਬੱਚਾ ਜਾ ਅਧਿਆਪਕ ਮੱਤੀ 7:24-29 ਵਿੱਚੋ ਪੜ੍ਹੋ, ਬੁੱਧਵਾਨ ਅਤੇ ਮੂਰਖ ਬਣਾਉਣ ਵਾਲੇ ਦੀ ਕਹਾਣੀ ਦੇ ਦੱਸੋ।

ਬੱਚਿਆਂ ਨੂੰ ਸੁਣਨ ਲਈ ਕਹੋ ਕਿ ਕੀ ਹੁੰਦਾ ਹੈ, ਜਦੋ ਦੋ ਆਦਮੀ ਯੀਸ਼ੂ ਦੀ ਸਿੱਖਿਆ ਦੇ ਵੱਖ ਵੱਖ ਉੱਤਰ ਦਿੰਦੇ ਹਨ। ਇੰਨਾ ਪ੍ਰਸ਼ਨਾਂ ਨੂੰ ਪੁੱਛੋ। ਇਸਦੇ ਉੱਤਰ ਹਰੇਕ ਪ੍ਰਸ਼ਨ ਦੇ ਬਾਦ ਆਉਦੇ ਹਨ।

ਬੁੱਧੀਮਾਨ ਘਰ ਬਣਾਉਣ ਵਾਲੇ ਦੀ ਤਰ੍ਹਾਂ ਕਿਹੜੇ ਲੋਕ ਹਨ? *(ਆਇਤ 24)*

ਸਾਨੂੰ ਕਿਵੇ ਯੀਸ਼ੂ ਦੇ ਵਚਨਾਂ ਦੇ ਉੱਤਰ ਕਿਵੇਂ ਦੇਣੇ ਚਾਹੀਦੇ ਹਨ? *(ਆਇਤ 24)* ਦੇਖੋ, ਸਾਨੂੰ ਇਨ੍ਹਾਂ ਨੂੰ ਆਪਣੇ ਅਭਿਆਸ ਨਾਲ ਕਰਨਾ ਹੈ ਜਿਵੇਂ ਯੀਸ਼ੂ ਨੇ ਸਾਨੂੰ ਕਰਨ ਲਈ ਕਿਹਾ ਹੈ।

ਕਿਸ ਤਰ੍ਹਾਂ ਦੇ ਲੋਕ ਮੂਰਖਾਂ ਵਰਗੇ ਘਰ ਬਣਾਉਣ ਦੇ ਵਾਗਰ ਹਨ? *(ਆਇਤ 26)*

ਮੂਰਖ ਆਦਮੀ ਦਾ ਘਰ ਕਿਵੇ ਡਿੱਗਿਆ? *(ਆਇਤ 27)*

ਜਿਸ ਤਰ੍ਹਾਂ ਯਿਸੂ ਸਿਖਾਉਂਦਾ ਸੀ, ਭੀੜ ਕਿਉ ਹੈਰਾਨ ਹੋ ਗਈ? *(ਆਇਤ 28-2, ਯੀਸ਼ੂ ਅਧਿਕਾਰ ਨਾਲ ਸਿਖਾਉਂਦਾ ਸੀ)*



**ਇੱਕ ਆਦਮੀ ਜਿੰਨੇ ਆਪਣਾ ਘਰ ਰੇਤ ਤੇ ਬਨਾਇਆ ਸੀ।**

ਮੱਤੀ 7:24-29। ਕਲੀਸੀਆ ਦੀ ਅਰਾਧਨਾ ਦੇ ਮੁੱਖ ਅਗਵੇ ਨਾਲ ਮਿਲ ਕੇ ਬੱਚਿਆ ਨੂੰ ਇਹ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ। ਆਪਣੇ ਵੇਲੇ ਨੂੰ, ਬੱਚਿਆਂ ਦੇ ਨਾਟਕ ਦੇ ਅਭਿਆਸ ਕਰਨ ਵਿੱਚ ਇਸਤੇਮਾਲ ਕਰੋ।

ਹੁਣ ਵੱਡੇ ਬੱਚੇ ਜਾ ਨੌਜਵਾਨ ਨਾਟਕ ਦੇ ਇਹ ਹਿੱਸੇ ਕਰਣ:

- **ਵਾਚਕ-** ਕਹਾਣੀ ਨੂੰ ਛੋਟਾ ਕਰਕੇ ਅਤੇ ਬੱਚਿਆ ਨੂੰ ਉਨ੍ਹਾਂ ਦੇ ਸਬਦ (ਬੋਲ) ਯਾਦ ਕਰਵਾਉਣ ਵਿੱਚ ਮੱਦਦ ਕਰੋ।
- **ਯੀਸ਼ੂ**

ਹੁਣ ਛੋਟਿਆਂ ਬੱਚਿਆਂ ਨੂੰ ਇਹ ਹਿੱਸੇ ਕਰਨ ਦਿੱਉ।

- ਇੱਕ ਬੁੱਧੀਮਾਨ ਘਰ ਬਣਾਉਣ ਵਾਲਾ (ਉਹ ਕੋਲ ਚਟਾਨ, ਜਾ ਇੱਟਾ ਹੋਣ)
- ਮੂਰਖ ਘਰ ਬਣਾਉਣ ਵਾਲਾ (ਉਹ ਕੋਲ ਚਟਾਨ, ਜਾ ਇੱਟਾ ਹੋਣ)
- ਤੂਫਾਨ (ਬਹੁਤ ਸਾਰੇ ਬੱਚੇ)

**ਵਾਚਕ:-** ਆਇਤ 24-25 ਵਿੱਚੋ ਕਹਾਣੀ ਦਾ ਪਹਿਲਾ ਹਿੱਸਾ ਦੱਸੋ ਤੇ ਆਖੋ ''ਸੁਣੋ ਯੀਸ਼ੂ ਕੀ ਕਹਿੰਦਾ ਹੈ''

**ਯੀਸ਼ੂ** ''ਜੋ ਕੁੱਝ ਮੈ ਕਹਿੰਦਾ ਹਾ ਜੇਕਰ ਤੁਸੀ ਇਸਨੂੰ ਅਭਿਆਸ ਵਿੱਚ ਲਾਗੂ ਕਰੋ, ਤਾਂ ਤੁਸੀ ਇੱਕ ਬੁੱਧੀਮਾਨ ਘਰ ਬਣਾਉਣ ਵਾਲੇ ਦੇ ਵਾਂਗ ਹੋ ਸਕਦੇ ਹੋ।''

**ਬੁੱਧੀਮਾਨ ਘਰ ਬਣਾਉਣ ਵਾਲਾ** - ਖਾਨਿਆਂ ਨੂੰ ਇੱਕ ਦੇ ਉਤੇ ਇੱਕ ਰੱਖ ਕੇ ਘਰ ਬਣਾਉ ਅਤੇ ਕਹੋ, ''ਮੈ ਇੱਕ ਮਜਬੂਤ ਚਟਾਨ ਤੇ ਇਹਨੂੰ ਬਣਾਇਆ ਹੈ, ਮੈ ਯੀਸ਼ੂ ਦੇ ਹੁੱਕਮ ਦਾ ਪਾਲਣ ਕੀਤਾ ਹੈ।''

**ਤੂਫਾਨ:- ਘਰ ਦੇ ਖਾਨਿਆ ਨੂੰ ਮਾਰਨ।** (ਉਨ੍ਹਾਂ ਨੂੰ ਪਿੱਛੇ ਵੱਲ ਧੱਕਾ ਨਹੀ ਮਾਰਨਾ)।

**ਵਾਚਕ:-** ਆਇਤ 25-29 ਵਿੱਚ ਪੜੋ ਅਤੇ ਕਹਾਣੀ ਦਾ ਦੂਸਰਾ ਹਿੱਸਾ ਦੱਸੋ, ਅਤੇ ਆਖੋ, ''ਸੁਣੋ ਯੀਸ਼ੂ ਕੀ ਕਹਿੰਦਾ ਹੈ?''

**ਯੀਸ਼ੂ:-** ਤੁਸੀ ਉਸ ਮੂਰਖ ਘਰ ਬਣਾਉਣ ਵਾਲੇ ਦੇ ਵਾਂਗ ਹੋ।''

**ਮੂਰਖ ਘਰ ਬਣਾਉਣ ਵਾਲਾ:-** ਕਮਰੇ ਦੇ ਦੂਜੇ ਪਾਸੇ ਜਾਓ ਅਤੇ ਘਰ ਬਣਾਉਣ ਵਾਸਤੇ ਖਾਨੇ ਇੱਕ ਦੇ ਉਪਰ ਇੱਕ ਰੱਖੋ ਤੇ ਆਖੋ, ''ਮੈ ਸਿਰਫ ਯੀਸ਼ੂ ਨੂੰ ਮੰਨਦਾ ਹਾ, ਮੈ ਤਾਂ ਘਰ ਰੇਤ ਉੱਤੇ ਹੀ ਬਨਾਵਾਗਾ, ਇਹ ਬਣਾਉਣ ਵਿੱਚ ਬੜਾ ਹੀ ਆਸਾਨ ਹੈ।''

**ਤੂਫਾਨ- ਖਾਨਿਆ ਨੂੰ ਧੱਕਾ ਮਾਰੇ, ਆਖੇ,** ''ਕਿੰਨਾ ਅਜੀਬ! ਯੀਸ਼ੂ ਚਾਹੁੰਦਾ ਹੈ ਕਿ ਲੋਕ ਉਹਦੇ ਹੁੱਕਮ ਮੰਨਣ। ਪਰ ਦੂਸਰੇ ਸਿਖਾਉਣ ਵਾਲੇ ਸਿਰਫ ਇਹ ਚਾਹੁੰਦੇ ਹਨ ਕਿ ਲੋਕੀ ਸਿਰਫ ਸੁਣਨ।''

**ਵਾਚਕ:-** ਹਰੇਕ ਦਾ ਧੰਨਵਾਦ ਕਰੋ, ਜਿੰਨਾ ਨੇ ਇਹ ਨਾਟਕ ਕਰਨ ਵਿੱਚ ਮੱਦਦ ਕੀਤੀ ਹੈ।

ਜੇਕਰ ਬੱਚਿਆਂ ਨੇ ਇਸ ਕਹਾਣੀ ਦੇ ਨਾਟਕ ਨੂੰ ਬਾਲਿਗਾਂ ਲਈ ਤਿਆਰ ਕੀਤਾ ਹੈ, ਤਾਂ ਉਨ੍ਹਾਂ ਨੂੰ ਬਾਲਿਗਾਂ ਕੋਲੋ ਉਹ ਪ੍ਰਸ਼ਨ ਪੁੱਛਣ ਦਿਉ, ਜਿਹੜੇ ਉੱਤੇ ਸੂਚੀ ਵਿੱਚ ਹਨ।

ਬੱਚਿਆਂ ਨੂੰ ਆਖੋ: ਸਾਨੂੰ! ਕਿਸ ਤਰ੍ਹਾਂ ਦੀਆਂ ਚੀਜਾ ਕਰਨ ਦਾ ਯਿਸ਼ੂ ਨੇ ਹੁੱਕਮ ਦਿੱਤਾ ਹੈ, ਅਸੀਂ ਉਹਨਾ ਨੂੰ ਜ਼ਰੂਰ ਕਰਨਾ ਹੈ? (ਬੱਚਿਆਂ ਨੂੰ ਉਦਾਹਰਣ ਦੇਣ ਦਿਉ)



**ਇੱਕ ਘਰ ਜਿਹਨੂੰ ਚਟਾਨ ਤੇ ਬਣਾਇਆ।**

ਹੁਣ ਵੱਡਿਆਂ ਬੱਚਿਆਂ ਨੂੰ ਗੀਤ, ਕਹਾਣੀ, ਜਾ ਕਵਿਤਾ ਲਿਖਣ ਲਈ ਕਹੋ, ਜਾਂ ਉਨ੍ਹਾਂ ਨੂੰ ਇੱਕ ਤਸਵੀਰ ਬਣਾਉਣ ਲਈ ਦਿਉ। ਉਦਾਹਰਣ ਦੇਣ ਲਈ ਯੀਸ਼ੂ ਕੀ ਕਹਿੰਦਾ ਹੈ, ''ਜੇਕਰ ਤੁਸੀਂ ਮੈਨੂੰ ਪਿਆਰ ਕਰਦੇ ਹੋ, ਤਾਂ ਮੇਰੇ ਹੁੱਕਮਾਂ ਨੂੰ ਮੰਨੋਂ'' (ਯਹੂੰਨਾ 14:15)

ਇੱਕ ਘਰ ਦੀ ਤਸਵੀਰ ਬਣਾਉ ਜਿਹੜਾ ਚਟਾਨ ਉੱਤੇ ਬਣਿਆ ਹੋਇਆ ਹੈ, ਹੁਣ ਬੱਚਿਆਂ ਨੂੰ ਇਹਦੀ ਨਕਲ ਕਰਨ ਦਿਉ।

- ਵੱਡੇ ਬੱਚੇ ਛੋਟਿਆਂ ਬੱਚਿਆਂ ਦੀ ਮੱਦਦ ਕਰਣ।
- ਬੱਚਿਆਂ ਨੂੰ ਇਹ ਤਸਵੀਰ ਬਾਲਿਗਾਂ ਦੀ ਅਰਾਧਨਾ ਵੇਲੇ ਦਿਖਾਉਣ ਦਿਉ। ਅਤੇ ਸਮਝਾਉ ਕਿ ਉਹ ਇਹ ਉਦਾਹਰਣ ਕਿਵੇਂ ਯਿਸ਼ੂ ਦੇ ਵੱਚਨਾ ਨੂੰ ਅਭਿਆਸ ਵਿੱਚ ਲਿਆਉਂਦੇ ਹਨ, ਕਿ ਵਿਸ਼ਵਾਸੀਆਂ ਨੂੰ ਸਿਰਫ ਉਨ੍ਹਾਂ ਨੇ ਸੁਣਨਾ ਨਹੀ ਹੈ, ਉਨ੍ਹਾਂ ਨੂੰ ਉਹ ਜ਼ਰੂਰ ਕਰਨਾ ਹੈ, ਜਿਹੜਾ ਉਸ ਨੇ ਕਿਹਾ ਹੈ।

**ਯਾਦ ਕਰੋ ਲੂੰਕਾ 11:28**

**ਕਵਿਤਾ:-** ਹੁਣ ਚਾਰ ਬੱਚੇ ਲੈ ਕੇ ਹਰੇਕ ਨੂੰ ਇੱਕ-ਇੱਕ ਆਇਤ ਦੂਹਰਾਉਣ ਲਈ ਦਿਉ, ਜ਼ਬੂਰਾਂ ਦੀ ਪੋਥੀ 18:2,7,15 ਅਤੇ 16 ਵਿੱਚ। ਉਨਾ ਨੂੰ ਇਹ ਬਾਲਿਗਾ ਲਈ ਵੀ ਦੁਰਾਉਣ ਦਿਉ।

**ਪ੍ਰਾਥਨਾ:** ''ਪਰਮੇਸ਼ਵਰ, ਸਾਨੂੰ ਪਿਆਰ ਹੋ ਤੁਹਾਨੂੰ ਵਚਨਾ ਨੂੰ ਸੁਣਨ ਵਿੱਚ। ਅਸੀ ਚਾਹੁੰਦੇ ਹਾਂ ਕਿ ਅਸੀਂ ਇਨ੍ਹਾਂ ਨੂੰ ਅਭਿਆਸ ਵਿੱਚ ਲਿਆਈਏ। ਅਸੀਂ ਬੁੱਧਵਾਨ ਘਰ ਬਣਾਉਣ ਵਾਲੇ ਦੇ ਵਾਗ ਬਣਨਾ ਚਾਹੁੰਦੇ ਹਾਂ, ਅਤੇ ਆਪਣੇ ਜੀਵਨ ਨੂੰ ਤੁਹਾਡੇ ਉੱਤੇ ਬਣਾਉਣਾ ਚਾਹੁੰਦੇ ਹਾ, ਸਾਡੀ ਮਜਬੂਤ ਚਟਾਨ। ਧੰਨਵਾਦ ਯੀਸ਼ੂ, ਸਾਨੂੰ ਸਦੀਪਕ ਜੀਵਨ ਦੇਣ ਲਈ, ਨਾ ਕੋਈ ਤੂਫਾਨ ਨਾ ਮੁਸਕਲਾਂ ਸਾਨੂੰ ਲੈ ਕੇ ਨਹੀਂ ਜਾ ਸਕਦੀਆ।''

Copyright 2004 © by Paul-Timothy. May be freely copied. Download from www.Paul-Timothy.net